# ਭਗਤ ਨਾਮਦੇਵ - ਸਬਦ ੧

## ਦੇਵਾ ਪਾਹਨ ਤਾਰੀਅਲੇ ॥

## ਰਾਗੁ ਗਉੜੀ ਚੇਤੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੩੪੫

ਦੇਵਾ ਪਾਹਨ ਤਾਰੀਅਲੇ ॥
ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥
ਚਰਨ ਬਧਿਕ ਜਨ ਤੇਊ ਮੁਕਤਿ ਭਏ ॥
ਹਉ ਬਲਿ ਬਲਿ ਜਿਨ ਰਾਮ ਕਹੇ ॥੧॥
ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥
ਜਪ ਹੀਨ ਤਪ ਹੀਨ ਕੁਲ ਹੀਨ ਕ®ਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥੨॥੧॥

**ਸਾਰ:** ਮਿਥਿਹਾਸਿਕ ਦ੍ਰਿਸ਼ਟਾਂਤ ਜਟਿਲ ਵਿਚਾਰਾਂ ਨੂੰ ਸਧਾਰਣ ਪਰ ਪ੍ਰਭਾਵਸ਼ਾਲੀ ਢੰਗ ਨਾਲ ਸਮਝਾਉਣ ਲਈ ਇਕ ਪ੍ਰਭਾਵੀ ਵਿਧੀ ਦੀ ਤਰ੍ਹਾਂ ਕਾਰਜ਼ ਕਰਦੇ ਹਨ। ਜਾਣ-ਪਛਾਣ ਵਾਲੇ ਪ੍ਰਤੀਕਾਂ ਅਤੇ ਕਹਾਣੀਆਂ ਦੀ ਵਰਤੋਂ ਕਰਕੇ ਇਹ ਅਮੂਰਤ ਧਾਰਣਾਵਾਂ ਨੂੰ ਸਮਝਣ ਅਤੇ ਉਹਨਾਂ ਨਾਲ ਅਪਣੱਤ ਦੀ ਭਾਵਨਾ ਨੂੰ ਕਾਇਮ ਕਰਨਾ ਆਸਾਨ ਬਣਾਉਂਦੇ ਹਨ। ਇਹ ਪ੍ਰਤੀਕ ਅਕਸਰ ਸਰਵਵਿਆਪਕ ਸਿਧਾਂਤਾਂ ਨੂੰ ਪ੍ਰਗਟ ਕਰਦੇ ਹਨ ਜੋ ਵਿਅਕਤੀਗਤ ਵਖਰੇਵਿਆਂ ਤੋਂ ਉੱਪਰ ਹੁੰਦੇ ਹਨ ਅਤੇ ਇਹ ਦਰਸਾਉਂਦੇ ਹਨ ਕਿ ਕੁਝ ਮੁੱਲ ਅਤੇ ਸੱਚਾਈਆਂ ਵੱਖ-ਵੱਖ ਸਭਿਆਚਾਰਾਂ ਅਤੇ ਜੁਗਾਂ ਵਿਚ ਸਾਂਝੀਆਂ ਹੁੰਦੀਆਂ ਹਨ। ਇਹ ਤੱਥ ਉਨ੍ਹਾਂ ਸਾਂਝੀਆਂ ਕਦਰਾਂ ਅਤੇ ਸੱਚਾਈਆਂ ਨੂੰ ਉਜਾਗਰ ਕਰਦਾ ਹੈ, ਜੋ ਸਾਨੂੰ ਆਪਸ ਵਿਚ ਜੋੜ ਕੇ ਰੱਖਦੀਆਂ ਹਨ। ਇਸ ਤੋਂ ਇਲਾਵਾ, ਜਦੋਂ ਮਿਥਿਹਾਸਿਕ ਬਿੰਬਾਵਲੀ ਦੀ ਆਲੋਚਨਾਤਮਕ ਵਿਆਖਿਆ ਕੀਤੀ ਜਾਂਦੀ ਹੈ, ਤਾਂ ਇਹ ਰੂਹਾਨੀ ਗਿਆਨ ਨੂੰ ਉਤਸ਼ਾਹਿਤ ਕਰ ਸਕਦੀ ਹੈ ਅਤੇ ਰੁਪਾਂਤ੍ਰਣ ਰੂਪੀ ਸਤਾ ਨੂੰ ਸੱਦ ਦਿੰਦੀ ਹੈ ਜੋ ਵਿਅਕਤੀਗਤ ਵਿਕਾਸ ਦਾ ਰਾਹ ਖੋਲ੍ਹਦੀ ਹੈ। ਇਸ ਤਰ੍ਹਾਂ, ਮਿੱਥਾਂ ਸਿਰਫ ਕਹਾਣੀਕਥਨ ਤੱਕ ਸੀਮਿਤ ਨਹੀਂ ਰਹਿੰਦੀਆਂ; ਇਹ ਅਰਥ ਭਰਪੂਰ ਪੱਥ ਉਪਰ ਤੋਰਦੀਆਂ, ਸਾਨੂੰ ਅਜਿਹਾ ਸਮਾਜ ਸਿਰਜਣ ਵਿਚ ਪ੍ਰੇਰਿਤ ਕਰਦੀਆਂ ਹਨ ਜੋ ਨਿਆ ਅਤੇ ਦਇਆ ਦਾ ਘਰ ਹੋਵੇ।

ਦੇਵਾ ਪਾਹਨ ਤਾਰੀਅਲੇ ॥

ਬਿਬੇਕ ਦਾਤਾਰ ਪੱਥਰ ਵਾਂਗ ਕਠੋਰ ਹਿਰਦਿਆਂ ਨੂੰ ਵੀ ਰੂਹਾਨੀ ਜਾਗਰੂਕਤਾ ਦੇ ਰਾਹ ਪਾ ਸਕਦਾ ਹੈ। ਇਹ ਭਾਵ ਇਸ ਤੱਥ ਨੂੰ ਪ੍ਰਬਲ ਕਰਦਾ ਹੈ ਕਿ ਸਵੈ-ਚਿੰਤਨ ਉਨ੍ਹਾਂ ਲਈ ਵੀ ਰੂਹਾਨੀ ਵਿਗਾਸ ਦੇ ਦਰ ਖੋਲ੍ਹ ਸਕਦਾ ਹੈ, ਜੋ ਸਭ ਤੋਂ ਵਧੇਰੇ ਜਟਿਲ ਮਨੋਬਿਰਤੀ ਦੇ ਧਾਰਨੀ ਹੋਣ।

ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥

ਉਹ ਨਿਮਰ ਹਸਤੀਆਂ ਜੋ ਸਰਵਵਿਆਪਕਤਾ ਨਾਲ ਇਕਸੁਰ ਹਨ, ਉਹ ਪ੍ਰਬੁੱਧ ਕਿਉਂ ਨਾ ਹੋਣ? (੧)(ਠਹਿਰਾਉ)

ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥

ਗਣਿਕਾ ਉਸ ਅਨੈਤਿਕ ਕਿਰਤ ਦੇ ਮੋਹ ਨੂੰ ਦਰਸਾਉਂਦੀ ਹੈ, ਕੁਬਿਜਾ ਅਸੁਰੱਖਿਆ ਦੀ (ਕੁਬੀ ਔਰਤ) ਚੁਣੌਤੀ ਦੀ ਪ੍ਰਤੀਕ ਹੈ, ਅਤੇ ਅਜਾਮਲ ਅਸ਼ੁੱਧ ਇਰਾਦਿਆਂ ਦੀ (ਛਲ)ਪ੍ਰਤੀਨਿਧਤਾ ਕਰਦਾ ਹੈ। ਫਿਰ ਵੀ, ਉਹ ਆਪਣੇ ਸੀਮਤ ਗੁਣਾਂ ਤੋਂ ਜਾਗਰੂਕਤਾ ਤੱਕ ਪਹੁੰਚ ਗਏ, ਜੋ ਉਨ੍ਹਾਂ ਰੂਹਾਨੀ ਬਿਬੇਕ ਰਾਹੀਂ ਪ੍ਰਾਪਤ ਕੀਤੀ।

ਚਰਨ ਬਧਿਕ ਜਨ ਤੇਊ ਮੁਕਤਿ ਭਏ ॥

ਨਿਮਰਤਾ ਨਾਲ ਸਰਬਵਿਆਪਕ ਚੇਤਨਾ ਦੇ ਸਨਮੁਖ ਸਮਰਪਣ ਕਰਨਾ ਹੀ ਮੁਕਤੀ ਪ੍ਰਾਪਤ ਕਰਨ ਦਾ ਰਾਹ ਹੈ।

ਹਉ ਬਲਿ ਬਲਿ ਜਿਨ ਰਾਮ ਕਹੇ ॥੧॥

ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ ਜੋ ਸਰਵ ਵਿਆਪਕ ਚੇਤਨਾ ਦੇ ਰਸੀਏ ਹਨ। (੧)

ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥

ਇਕ ਦਾਸੀ ਦਾ ਪੁੱਤਰ ਬਿਦੁਰ; ਭਗਵਾਨ ਕ੍ਰਿਸ਼ਨ ਦਾ ਨਿਮਾਣਾ ਮਿੱਤਰ ਸੁਦਾਮਾ; ਅਤੇ ਜ਼ਾਲਮ ਰਾਜਾ ਕੰਸ ਦਾ ਪਿਤਾ ਉਗ੍ਰਸੈਨ, ਸਾਰਿਆਂ ਨੇ ਆਪਣੇ ਅਧਿਕਾਰਾਂ ਨੂੰ ਸਵੀਕਾਰ ਕੀਤਾ ਸੀ। ਇਹ ਮਿਥਿਹਾਸਕ ਹਵਾਲੇ ਦਰਸਾਉਂਦੇ ਹਨ ਕਿ ਨਿਆਂ ਅਤੇ ਸਮਾਨਤਾ ਵਿਸ਼ਵਵਿਆਪੀ ਕਾਨੂੰਨ ਦੇ ਬੁਨਿਆਦੀ ਸਿਧਾਂਤ ਹਨ।

ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥੨॥੧॥

ਜਪ, ਤਪ, ਨਾਮਵਰ ਕੁਲ, ਜਾਂ ਕਰਮਕਾਂਡੀ ਅਭਿਆਸਾਂ ਤੋਂ ਬਿਨਾਂ, ਨਾਮਦੇਵ ਦੀ ਪ੍ਰੀਤਮ, ਸਰਬਵਿਆਪੀ ਚੇਤਨਾ ਨੇ ਉਸ ਹੀਨ ਨੂੰ ਧਨਤਾ ਦੇ ਯੋਗ ਬਣਾਇਆ ਹੈ। ਇਹ ਭਾਵ ਹਰੇਕ ਜੀਵ ਦੇ ਅੰਤਰੀਵੀ ਮੂਲ ਮੁੱਲ ਨੂੰ ਉਜਾਗਰ ਕਰਦਾ ਹੈ, ਭਾਵੇਂ ਉਸਦਾ ਪਿਛੋਕੜ, ਵਿਸ਼ਵਾਸ, ਜਾਂ ਅਭਿਆਸ ਕੁਝ ਵੀ ਹੋਵੇ। (੨)(੧)

**ਤੱਤ:** ਭਗਤ ਨਾਮਦੇਵ ਇਸ ਤੱਥ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦੇ ਹਨ ਕਿ ਸਤਹੀ ਪ੍ਰਭਾਵ, ਜਿਵੇਂ ਕਿ ਕਰਮ-ਕਾਂਡੀ ਰਸਮਾਂ ਜਾਂ ਕੁਲ, ਕਿਸੇ ਵਿਅਕਤੀ ਦੇ ਅਸਲ ਮੁੱਲ ਨੂੰ ਪਰਿਭਾਸ਼ਿਤ ਨਹੀਂ ਕਰਦੇ। ਉਹ ਇਸ ਪੱਖ 'ਤੇ ਜ਼ੋਰ ਦਿੰਦੇ ਹਨ ਕਿ ਜਾਗਰੂਕਤਾ ਉਨ੍ਹਾਂ ਲੋਕਾਂ ਨੂੰ ਵੀ ਕ੍ਰਿਤਾਰਥ ਕਰ ਉੱਚਾ ਚੁੱਕ ਸਕਦੀ ਹੈ ਜੋ ਆਪਣੇ ਆਪ ਨੂੰ ਨਿਮਾਣਾ ਮਹਿਸੂਸ ਕਰਦੇ ਹਨ ਜਾਂ ਦੂਜਿਆਂ ਦੀਆਂ ਨਜ਼ਰਾਂ ਵਿਚ ਮਹੱਤਵਪੂਰਨ ਨਹੀਂ ਸਮਝੇ ਜਾਂਦੇ ਹਨ। ਉਹ ਵਿਸ਼ਵਵਿਆਪੀ ਚੇਤਨਾ ਨਾਲ ਅਰਥ ਭਰਪੂਰ ਸੰਬੰਧ ਸਿਰਜਣ ਲਈ ਉਤਸ਼ਾਹਿਤ ਕਰਦੇ ਹੋਏ, ਸਿਰਫ਼ ਬਾਹਰੀ ਸ਼ਰਧਾ ਨਾਲੋਂ ਅੰਤਰੀਵੀ ਮਾਨਤਾ ਨੂੰ ਤਵੱਜੋ ਦਿੰਦੇ ਹਨ। ਇਹ ਦ੍ਰਿਸ਼ਟੀਕੋਣ ਉਸ ਉਦਾਰਤਾ ਨੂੰ ਅਪਣਾਉਂਦਾ ਹੈ ਜੋ ਰਵਾਇਤੀ ਸੀਮਾਵਾਂ ਅਤੇ ਨਿਰਣਿਆਂ ਤੋਂ ਪਾਰ ਹੁੰਦੀ ਹੈ, ਅਤੇ ਦੈਵੀਤਵ ਨਾਲ ਨੇਕਤਾ ਦਾ ਸੰਬੰਧ ਸਿਰਜਨ ਨੂੰ ਉਤਸ਼ਾਹਿਤ ਕਰਦੀ ਹੈ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** **OnenessInDiversity.com**

**ਈਮੇਲ: onenessindiversityfoundation@gmail.com**